**ਪਲੇਅਲੈਂਡ ਅਤੇ ਪੀ ਐਨ ਈ ਮੇਲਾ 2025 ਲਈ ਗੁਆਂਢੀਆਂ ਵਾਸਤੇ ਮੁਫ਼ਤ ਟਿਕਟ ਕੋਡਜ਼**

ਪਿਆਰੇ ਸਤਿਕਾਰਯੋਗ ਗੁਆਂਢੀ ਜੀ,

ਸਾਡੇ ਵਲੋਂ ਤੁਹਾਡੀ ਕਦਰ ਦੇ ਪ੍ਰਤੀਕ ਵਜੋਂ, ਸਾਨੂੰ ਤੁਹਾਡੇ ਘਰ ਲਈ **ਪਲੇਅਲੈਂਡ ਵਾਸਤੇ ਚਾਰ ਅੱਧੀ ਕੀਮਤ ਵਾਲੀਆਂ ਟਿਕਟਾਂ** ਦੇਣ ਦੀ ਪੇਸ਼ਕਸ਼ ਕਰਨ ਦੀ ਖੁਸ਼ੀ ਹੈ, ਜੋ 17 ਮਈ ਤੋਂ 10 ਅਗਸਤ, 2025 ਦੇ ਵਿਚਕਾਰ ਤੁਹਾਡੀ ਪਸੰਦ ਦੇ ਕਿਸੇ ਵੀ ਦਿਨ ਲਈ ਯੋਗ ਹਨ, ਨਾਲ ਹੀ **2025 ਦੇ ਪੀ ਐਨ ਈ ਮੇਲੇ ਲਈ ਚਾਰ ਮੁਫ਼ਤ ਦਾਖਲਾ ਪਾਸ** ਦੇਣ ਦੀ ਵੀ ਖੁਸ਼ੀ ਹੈ ਜੋ 16 ਅਗਸਤ ਤੋਂ 1 ਸਤੰਬਰ ਦੇ ਵਿਚਕਾਰ ਖੁੱਲ੍ਹਣ ਵਾਲੇ ਕਿਸੇ ਵੀ ਦਿਨ ਲਈ ਯੋਗ ਹਨ।

ਮਈ ਵਿੱਚ ਕਿਸੇ ਸਮੇਂ, ਤੁਹਾਨੂੰ ਕੈਨੇਡਾ ਪੋਸਟ ਰਾਹੀਂ ਦੋ ਵਿਲੱਖਣ ਪ੍ਰੋਮੋ ਕੋਡਜ਼ (ਇਕ ਪਲੇਅਲੈਂਡ ਲਈ ਅਤੇ ਦੂਜਾ ਪੀ ਐਨ ਈ ਮੇਲੇ ਲਈ) ਦੇ ਨਾਲ ਇਕ ਚਿੱਠੀ ਮਿਲੇਗੀ। **ਤੁਹਾਡੇ ਲਈ ਆਪਣੀਆਂ ਟਿਕਟਾਂ ਰਿਡੀਮ ਕਰਨ ਲਈ ਉਹ ਚਿੱਠੀ ਰੱਖਣਾ ਜ਼ਰੂਰੀ ਹੈ।**

## ਆਪਣੀਆਂ ਪਲੇਅਲੈਂਡ ਦੀਆਂ ਟਿਕਟਾਂ ਰਿਡੀਮ ਕਿਵੇਂ ਕਰਨੀਆਂ ਹਨ

****ਇਹ ਨੋਟ ਕਰੋ ਕਿ ਪਲੇਅਲੈਂਡ ਲਈ ਟਿਕਟਾਂ ਸਿਰਫ਼ ਔਨਲਾਈਨ ਹੀ ਰਿਡੀਮ ਕੀਤੀਆਂ ਜਾ ਸਕਦੀਆਂ ਹਨ।**

ਤੁਸੀਂ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਕੇ www.ticketleader.ca `ਤੇ ਔਨਲਾਈਨ ਆਪਣੀਆਂ ਟਿਕਟਾਂ ਰਿਡੀਮ ਕਰ ਸਕਦੇ ਹੋ।

**ਔਨਲਾਈਨ ਰਿਡੀਮ ਕਰੋ:**

1. www.ticketleader.ca `ਤੇ ਜਾਉ।
2. ਆਪਣੇ ਟਿਕਟਲੀਡਰ ਅਕਾਊਂਟ ਵਿੱਚ ਲੌਗਇਨ ਕਰਨ ਲਈ ਸੱਜੇ ਪਾਸੇ ਉੱਪਰ **"ਮਾਈ ਅਕਾਊਂਟ"** `ਤੇ ਕਲਿੱਕ ਕਰੋ, ਜਾਂ ਜੇ ਤੁਸੀਂ ਨਵੇਂ ਯੂਜ਼ਰ ਹੋ ਤਾਂ ਅਕਾਊਂਟ ਬਣਾਉ।
3. ਜਦੋਂ ਤੁਸੀਂ ਲੌਗਇਨ ਕਰ ਲੈਂਦੇ ਹੋ ਤਾਂ ਉੱਪਰ ਖੱਬੇ ਮੈਨਿਊ ਤੋਂ **"ਪ੍ਰੋਮੋ ਕੋਡ"** ਚੁਣੋ।
4. ਇਸ ਚਿੱਠੀ ਤੋਂ ਆਪਣਾ ਵਿਲੱਖਣ ਪ੍ਰੋਮੋ ਕੋਡ ਦਰਜ ਕਰੋ ਅਤੇ **"ਇੰਟਰ"** `ਤੇ ਕਲਿੱਕ ਕਰੋ।
5. ਤਾਰੀਕ ਚੁਣਨ ਲਈ "ਨੈਕਸਟ" `ਤੇ ਕਲਿੱਕ ਕਰੋ ਅਤੇ ਫਿਰ **"ਬਾਏ ਨਾਓ"** `ਤੇ ਕਲਿੱਕ ਕਰੋ।
   ਆਪਣੀਆਂ ਟਿਕਟਾਂ ਸਲੈਕਟ ਕਰਨ ਲਈ **'+' ਬਟਨ** ਦੀ ਵਰਤੋਂ ਕਰੋ (ਜ਼ਰੂਰੀ: **ਪ੍ਰੋਮੋ ਕੋਡ ਸਿਰਫ਼ ਇਕ ਵਾਰੀ ਵਰਤੇ ਜਾ ਸਕਦੇ ਹਨ, ਅਤੇ ਕੋਡ ਨਾਲ ਜੁੜੀਆਂ ਸਾਰੀਆਂ ਟਿਕਟਾਂ ਇੱਕੋ ਟ੍ਰਾਂਜ਼ੈਕਸ਼ਨ ਵਿੱਚ ਰਿਡੀਮ ਕਰਨਾ ਜ਼ਰੂਰੀ ਹੈ)।**
6. **"ਐਡ ਟੂ ਕਾਰਟ"** `ਤੇ ਕਲਿੱਕ ਕਰੋ, ਅਤੇ ਫਿਰ **"ਚੈੱਕਆਊਟ"** `ਤੇ ਕਲਿੱਕ ਕਰੋ।
7. ਆਪਣੀ ਪੇਅਮੈਂਟ ਕਰਨ ਦੀ ਜਾਣਕਾਰੀ ਦਰਜ ਕਰੋ ਅਤੇ ਆਪਣੀ ਰਿਡੈਮਪਸ਼ਨ ਪੂਰੀ ਕਰਨ ਲਈ **"ਪਲੇਸ ਯੂਅਰ ਆਰਡਰ"** `ਤੇ ਕਲਿੱਕ ਕਰੋ।

ਬੱਸ ਇੰਨਾ ਹੀ! ਤੁਹਾਡੀਆਂ ਟਿਕਟਾਂ ਸਿਰਫ਼ ਮੋਬਾਇਲ `ਤੇ ਹੀ ਹੋਣਗੀਆਂ। ਟਿਕਟਾਂ ਦੇ ਸਕ੍ਰੀਨਸ਼ੌਟ ਪ੍ਰਵਾਨ ਨਹੀਂ ਕੀਤੇ ਜਾਣਗੇ।

## ਪੀ ਐਨ ਈ ਮੇਲੇ ਦੀਆਂ ਆਪਣੀਆਂ ਟਿਕਟਾਂ ਰਿਡੀਮ ਕਿਵੇਂ ਕਰਨੀਆਂ ਹਨ (16 ਅਗਸਤ-1 ਸਤੰਬਰ)

**ਨੋਟ: ਪੀ ਐਨ ਈ ਮੇਲੇ ਦਾ ਕੋਡ ਸਿਰਫ਼ 1 ਜੁਲਾਈ, 2025 ਤੋਂ ਬਾਅਦ ਹੀ ਚਾਲੂ ਹੋਵੇਗਾ,** ਇਸ ਕਰਕੇ ਉਦੋਂ ਤੱਕ ਇਸ ਚਿੱਠੀ ਨੂੰ ਕਿਸੇ ਸੁਰੱਖਿਅਤ ਥਾਂ `ਤੇ ਰੱਖੋ।

**ਪੀ ਐਨ ਈ ਮੇਲੇ ਦੀਆਂ ਟਿਕਟਾਂ ਔਨਲਾਈਨ ਰਿਡੀਮ ਕਰੋ:** ਉੱਪਰ ਦਿੱਤੀਆਂ ਪਲੇਅਲੈਂਡ ਵਾਲੀਆਂ ਹੀ ਹਿਦਾਇਤਾਂ ਦੀ ਪਾਲਣਾ ਕਰੋ।

**ਪੀ ਐਨ ਈ ਮੇਲੇ ਦੀਆਂ ਟਿਕਟਾਂ ਆ ਕੇ ਰਿਡੀਮ ਕਰਨਾ: ਬੁੱਧਵਾਰ, 6 ਅਗਸਤ, ਬਾਅਦ ਦੁਪਹਿਰ 4 ਵਜੇ ਤੋਂ ਸ਼ਾਮ ਦੇ 8 ਵਜੇ, ਅਤੇ ਛਨਿਚਰਵਾਰ, 9 ਅਗਸਤ, ਦੁਪਹਿਰ ਦੇ 1 ਵਜੇ ਤੋਂ 5 ਵਜੇ ਤੱਕ**

**ਸਾਊਥ ਫੋਰਮ ਬੌਕਸ ਆਫਿਸ, ਗੇਟ 1** (ਹੇਸਟਿੰਗਜ਼ ਅਤੇ ਰੇਨਫਰਿਊ ਸਟ੍ਰੀਟ ਦੇ ਕੋਨੇ `ਤੇ)

*ਕਿਰਪਾ ਕਰਕੇ ਨੋਟ ਕਰੋ: ਟਿਕਟਾਂ ਪੈਸੀਫਿਕ ਕੋਲਿਸੀਅਮ ਵਿਖੇ ਰਿਡੀਮ ਨਹੀਂ ਕੀਤੀਆਂ ਜਾ ਸਕਦੀਆਂ।*

**ਟਿਕਟਾਂ ਆਪ ਆ ਕੇ ਰਿਡੀਮ ਕਰਨ ਲਈ ਤੁਹਾਡੇ ਵਾਸਤੇ ਇਹ ਲਿਆਉਣਾ ਜ਼ਰੂਰੀ ਹੈ:**

1. ਇਹ ਚਿੱਠੀ
2. ਮੌਜੂਦਾ ਐਡਰੈਸ ਦਾ ਸਬੂਤ (ਜਿਵੇਂ, ਤਾਜ਼ਾ ਯੂਟਿਲਟੀ ਬਿੱਲ - ਫੋਟੋ ਵਾਲੀ ਆਈ ਡੀ ਇਕੱਲੀ ਨੂੰ ਪ੍ਰਵਾਨ ਨਹੀਂ ਕੀਤਾ ਜਾਂਦਾ)
3. ਸਰਕਾਰ ਵਲੋਂ ਜਾਰੀ ਕੀਤੀ ਗਈ ਫੋਟੋ ਵਾਲੀ ਆਈ ਡੀ

**ਆਪ ਨਹੀਂ ਆ ਸਕਦੇ?** ਪਰਿਵਾਰ ਦਾ ਕੋਈ ਮੈਂਬਰ, ਦੋਸਤ, ਜਾਂ ਗੁਆਂਢੀ ਉੱਪਰ ਦੱਸੇ ਗਏ ਸਾਰੇ ਡਾਕੂਮੈਂਟਸ ਦੇ ਨਾਲ ਨਾਲ ਤੁਹਾਡੇ ਵਲੋਂ ਆਗਿਆ ਦੇਣ ਵਾਲੇ ਦਸਖਤ ਕੀਤੇ ਨੋਟ ਦੇ ਨਾਲ ਤੁਹਾਡੇ ਵਲੋਂ ਰਿਡੀਮ ਕਰ ਸਕਦਾ ਹੈ।

**ਕਈ ਸੁਈਟਾਂ ਵਾਲੇ ਘਰਾਂ ਲਈ:** ਮੰਗ ਸਿੱਧੀ ਕਿਰਾਏਦਾਰਾਂ ਤੋਂ ਆਉਣੀ ਜ਼ਰੂਰੀ ਹੈ। ਉਨ੍ਹਾਂ ਲਈ ਇਹ ਚੀਜ਼ਾਂ communityengagement@pne.ca `ਤੇ ਈਮੇਲ ਕਰਨਾ ਜ਼ਰੂਰੀ ਹੈ:

- ਐਡਰੈਸ ਦਾ ਸਬੂਤ (ਜਿਵੇਂ ਕਿ ਯੂਟਿਲਟੀ ਬਿੱਲ)
- ਫੋਟੋ ਵਾਲੀ ਆਈ ਡੀ

**ਜ਼ਰੂਰੀ ਨੋਟ:**

- ਵਾਧੂ ਪ੍ਰੋਮੋ ਕੋਡਾਂ ਲਈ ਮੰਗਾਂ `ਤੇ ਸਿਰਫ਼ ਸੋਮਵਾਰ-ਸ਼ੁੱਕਰਵਾਰ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਹੀ ਕਾਰਵਾਈ ਕੀਤੀ ਜਾਂਦੀ ਹੈ। ਅਸੀਂ ਉਸੇ ਦਿਨ ਹੀ ਬੇਨਤੀਆਂ `ਤੇ ਕਾਰਵਾਈ ਨਹੀਂ ਕਰਦੇ।
- ਸਾਰੇ ਪਾਸਾਂ ਦਾ ਕੋਈ ਨਗਦ ਮੁੱਲ ਨਹੀਂ ਹੈ ਅਤੇ ਇਨ੍ਹਾਂ ਨੂੰ ਮੁੜ ਨਹੀਂ ਵੇਚਿਆ ਜਾ ਸਕਦਾ।
- ਟਿਕਟਾਂ ਮੁੜ ਵੇਚਣ ਵਾਲੇ ਘਰਾਂ ਨੂੰ ਭਵਿੱਖ ਦੇ ਗੁਆਂਢੀ ਟਿਕਟ ਪ੍ਰੋਗਰਾਮਾਂ ਅਤੇ ਸਮਾਗਮਾਂ ਤੋਂ ਮੁਅੱਤਲ ਕਰ ਦਿੱਤਾ ਜਾਵੇਗਾ।

ਜੇ ਤੁਹਾਡੇ ਕੋਈ ਹੋਰ ਸਵਾਲ ਹਨ ਤਾਂ ਕਿਰਪਾ ਕਰਕੇ communityengagement@pne.ca `ਤੇ ਈਮੇਲ ਕਰੋ।